This question paper contains 2 printed pages]

**Roll No.** | | | | | | | | | | | |

S. No. of Question Paper : **5747**

Unique Paper Code : **212652** **E**

Name of the Paper : **Punjabi Discipline-B (Optional)**

Name of the Course : **B.A. (Programme)**

Semester : **VI**

Duration : **3 Hours** Maximum Marks : **75**

*(Write your Roll No. on the top immediately on receipt of this question paper.)*

ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

ਪ੍ਰਸ਼ਨ:-1 ਪਾਠ-ਪੁਸਤਕ 'ਪੰਜਾਬੀ ਸਵੈ-ਜੀਵਨੀ ਅੰਸ਼' ਦੇ ਪਾਠ 'ਮੁਹੱਬਤ ਇਕ ਹਾਦਸਾ' ਵਿਚ ਲੇਖਿਕਾ ਦੀਆਂ ਦੁੱਖ-ਤਕਲੀਫ਼ਾਂ ਉਪਰ ਚਰਚਾ ਕਰੋ। 15

**ਜਾਂ**

ਉਪਰੋਕਤ ਪਾਠ-ਪੁਸਤਕ ਵਿਚਲੇ ਕਿਸੇ ਇਕ ਸਵੈ-ਜੀਵਨੀ ਅੰਸ਼ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ।

ਪ੍ਰਸ਼ਨ:-2 ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ:- 10

(ੳ) ਸਵੈ-ਜੀਵਨੀ ਤੇ ਜੀਵਨੀ ਵਿਚ ਕੀ ਅੰਤਰ ਹੈ? ਉਦਾਹਰਨਾਂ ਰਾਹੀਂ ਸਪਸ਼ਟ ਕਰੋ।

(ਅ) 'ਆਪ ਨੂੰ ਪਛਾਣ ਬੰਦੇ' ਸਵੈ-ਜੀਵਨੀ ਅੰਸ਼ ਦੀ ਕਲਾਤਮਕਤਾ ਬਾਰੇ ਨੋਟ ਲਿਖੋ।

ਪ੍ਰਸ਼ਨ:-3 ਦੂਰਦਰਸ਼ਨ ਲਈ ਲਿਖਣ ਪ੍ਰਕਿਰਿਆ ਦੇ ਮੁੱਖ ਤੱਤਾਂ ਉਪਰ ਰੌਸ਼ਨੀ ਪਾਓ। 15

**ਜਾਂ**

ਪੰਜਾਬੀ ਪ੍ਰਿੰਟ ਮੀਡੀਆ ਦੇ ਵੱਖ-ਵੱਖ ਮਾਧਿਅਮਾਂ ਦਾ ਯੋਗਦਾਨ ਦਰਸਾਓ।

ਪ੍ਰਸ਼ਨ:-4 ਹੇਠਾਂ ਦਿੱਤੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਦਾ ਸੰਖੇਪ ਉੱਤਰ ਦਿਉ:- 10

(ੳ) ਇਸ਼ਤਿਹਾਰਬਾਜ਼ੀ ਉਪਰ ਸੰਖੇਪ ਨੋਟ ਲਿਖੋ।

(ਅ) ਵ਼ਰਲਡ ਵਾਈਡ ਵੈਬ ਤੋਂ ਕੀ ਭਾਵ ਹੈ?

(ੲ) ਹੇਠ ਲਿਖੇ ਸ਼ਬਦਾਂ ਵਿਚੋਂ ਕੋਈ ਪੰਜ ਸ਼ਬਦਾਂ ਦੀ ਪਰਿਭਾਸ਼ਾ ਦਿਉ।

Anchor, Blog, Cover, News, Pix, Short, T.C.

P.T.O.

ਪ੍ਰਸ਼ਨ:-5 ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:- 5

ਮਨੁੱਖ ਦੇ ਜੀਵਨ ਦਾ ਮਨੋਰਥ ਕੁੱਝ 'ਪ੍ਰਾਪਤ' ਕਰਨਾ ਨਹੀਂ ਬਲਕਿ ਆਪਣੇ-ਆਪ ਨੂੰ ਕੁੱਝ ਬਣਾਉਣਾ ਹੁੰਦਾ ਹੈ। ਆਪਣੇ-ਆਪ ਨੂੰ ਮਨੁੱਖਤਾ ਦੇ ਉੱਚੇ 'ਤੋਂ ਉੱਚੇ ਸਿਖਰ 'ਤੇ ਪਹੁੰਚਾਉਣਾ ਹੁੰਦਾ ਹੈ, ਤਾਂ ਕਿ ਕਰਤਾ ਜੀ ਆਪਣੀ ਕਿਰਤ ਨੂੰ ਆਪਣੇ ਜਿਹਾ ਬਣਦਾ ਦੇਖ ਕੇ ਖ਼ੁਸ਼ ਹੋਣ। ਇਸ ਆਦਰਸ਼ ਦੇ ਪੂਰਾ ਕਰਨ ਲਈ ਜ਼ਰੂਰੀ ਹੈ ਕਿ ਮਨੁੱਖ ਆਪਣੇ ਅੰਦਰ ਦੇ 'ਰਤਨ ਜਵਾਹਰ ਮਾਣਕ' ਨੂੰ ਪ੍ਰਗਟ ਹੋਣ ਦਾ ਮੌਕਾ ਦੇਵੇ, ਅਰਥਾਤ ਆਪਣੇ ਅੰਦਰ ਦੇ ਗੁਣਾਂ ਨੂੰ ਪੂਰੀ ਤਰ੍ਹਾਂ ਵਧਾਉਣ ਦਾ ਯਤਨ ਕਰੇ। ਬਾਗ਼ ਦੇ ਚੰਗੇ ਮਾਲੀ ਦਾ ਯਤਨ ਹੁੰਦਾ ਹੈ ਕਿ ਜਿਸ ਫੁੱਲ ਦੀ ਉਹ ਪ੍ਰਤੀਪਾਲਣਾ ਕਰ ਰਿਹਾ ਹੈ, ਉਸ ਨੂੰ ਹਰ ਮੌਸਮ ਵਿਚ ਚੰਗੀ ਤੋਂ ਚੰਗਾ ਕਰੀ ਜਾਵੇ, ਤਾਂ ਕਿ ਇਸ ਸਾਲ ਦੀ ਵੰਨਗੀ ਪਿਛਲੇ ਸਾਲ ਦੀ ਵੰਨਗੀ ਕੋਲੋਂ ਚੰਗੀ ਹੋਵੇ, ਇੱਥੋਂ ਤੱਕ ਕਿ ਉੱਨਤੀ ਕਰਦਿਆਂ-ਕਰਦਿਆਂ ਉਹ ਫੁੱਲ, ਰੂਪ, ਸੁਗੰਧ ਅਤੇ ਆਕਾਰ ਵਿੱਚ ਵੰਨਗੀ ਦੇ ਕਮਾਲ ਤੱਕ ਪੁੱਜ ਜਾਵੇ। ਮਨੁੱਖ ਨੇ ਵੀ ਆਪਣੇ ਮਾਲਕ ਦੇ ਹਜ਼ੂਰ ਕਬੂਲ ਪੈਣ ਲਈ ਆਪਣੇ ਆਪ ਨੂੰ ਮਨੁੱਖਤਾ ਦੀ ਟੀਸੀ 'ਤੇ ਪਹੁੰਚਾਉਣਾ ਹੈ।

(ੳ) ਮਨੁੱਖ ਦਾ ਮਨੋਰਥ ਕੀ ਹੈ?

(ਅ) ਜੀਵਨ ਦਾ ਮਨੋਰਥ ਕਿਵੇਂ ਪੂਰਾ ਹੋ ਸਕਦਾ ਹੈ?

(ੲ) ਚੰਗੇ ਮਾਲੀ ਦਾ ਕੀ ਕੰਮ ਹੁੰਦਾ ਹੈ?

(ਸ) ਪੈਰੇ ਵਿਚ ਵਰਤੇ ਗਏ ਸ਼ਬਦ 'ਕਿਰਤ' ਦਾ ਕੀ ਅਰਥ ਹੈ?

(ਹ) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ।

ਪ੍ਰਸ਼ਨ:-6 ਤੁਹਾਡੇ ਕਾਲਜ ਵਿਚ ਲੱਗੇ ਖ਼ੂਨਦਾਨ ਕੈਂਪ ਉੱਪਰ ਰਿਪੋਰਟ ਤਿਆਰ ਕਰੋ। 5

ਪ੍ਰਸ਼ਨ:-7 ਪੰਜਾਬੀ ਧੁਨੀਆਂ ਦਾ ਉਦਾਹਰਨਾਂ ਸਹਿਤ ਵਰਗੀਕਰਨ ਕਰੋ। 5

ਪ੍ਰਸ਼ਨ:-8 ਆਪਣੀ ਜਮਾਤ ਦੇ ਕਿਸੇ ਵਿਦਿਆਰਥੀ ਨਾਲ ਵਧਦੀ ਮਹਿੰਗਾਈ ਬਾਰੇ ਸੰਵਾਦ ਲਿਖੋ। 10